



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।




ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ



ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ | www.fatehtimesmedia.com | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਸੋਮਵਾਰ 8 ਦਸੰਬਰ 2025, ਨਾਨਕਸ਼ਾਹੀ 23 ਮੱਘਰ , ਸੰਮਤ 557 | ਸਾਲ: 4, ਅੰਕ 273, ਪੰਨੇ: 4, ਮੁੱਲ: 4 ਰੁਪਏ


## ਪੰਜਾਬ 'ਚ ਕੋਲਡ ਵੇਵ ਦਾ ਅਲਰਟ!



ਜਲੰਧਰ, 7 ਦਸੰਬਰ (ਫ.ਟ.ਬ) ਪੰਜਾਬ ਵਿਚ ਹੱਡ ਚੀਰਵੀਂ ਠੰਡ ਪੈਣੀ ਸ਼ੁਰੂ ਹੋ ਗਈ ਹੈ। ਲਗਾਤਾਰ ਸੀਤ ਲਹਿਰ ਦਾ ਕਹਿਰ ਵੱਧਣ ਲੱਗਾ ਹੈ। ਉਥੇ ਹੀ ਮੌਸਮ ਵਿਭਾਗ ਵੱਲੋਂ ਪੰਜਾਬ ਦੇ ਮੌਸਮ ਸਬੰਧੀ ਅੱਜ ਤੋਂ ਲੈ ਕੇ 11 ਦਸੰਬਰ ਤੱਕ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਤਾਜ਼ਾ ਜਾਣਕਾਰੀ ਮੁਤਾਬਕ 11 ਦਸੰਬਰ ਤੱਕ ਠੰਡ ਵਿਚ ਹੋਰ ਵਾਧਾ ਹੋਵੇਗਾ ਅਤੇ ਆਉਣ ਵਾਲੇ ਦਿਨਾਂ ਵਿਚ ਧੁੰਦ ਦਾ ਕਹਿਰ ਵੀ ਵੇਖਣ ਨੂੰ ਮਿਲੇਗਾ।ਮੌਸਮ ਵਿਭਾਗ ਦੇ ਮੁਤਾਬਕ 11 ਦਸੰਬਰ ਤੱਕ ਸੂਬੇ ਦੇ ਉੱਤਰੀ ਅਤੇ ਪੂਰਬੀ ਜ਼ਿਲ੍ਹਿਆਂ ਵਿੱਚ ਦਿਨ ਦਾ ਵੱਧ ਤੋਂ ਵੱਧ ਤਾਪਮਾਨ 20-22 ਡਿਗਰੀ ਸੈਲਸੀਅਸ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ, ਜਦਕਿ ਬਾਕੀ ਹਿੱਸਿਆਂ 'ਚ ਇਹ 22-24 ਡਿਗਰੀ ਸੈਲਸੀਅਸ ਤੱਕ ਰਹਿ ਸਕਦਾ ਹੈ। ਇਸ ਹਫ਼ਤੇ ਪੂਰੇ ਰਾਜ ਵਿੱਚ ਦਿਨ ਦਾ ਤਾਪਮਾਨ ਆਮ ਤੋਂ ਲੈ ਕੇ ਥੋੜ੍ਹਾ ਘੱਟ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਵੱਲੋਂ ਪੰਜਾਬ ਵਿਚ 11 ਦਸੰਬਰ ਤੱਕ ਕੋਲਡ ਵੇਵ ਦਾ ਅਲਰਟ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ ਸੂਬੇ ਦੇ ਉੱਤਰੀ ਜ਼ਿਲ੍ਹੇ ਜ਼ਿਲ੍ਹੇ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਰੋਪੜ (ਰੂਪਨਗਰ), ਮੋਹਾਲੀ ਅਤੇ ਕਪੂਰਥਲਾ ਅਤੇ ਦੱਖਣੀ ਪੰਜਾਬ ਦੇ ਜ਼ਿਲ੍ਹੇ ਬਠਿੰਡਾ, ਮਨਸਾ, ਬਰਨਾਲਾ, ਫਰੀਦਕੋਟ, ਫ਼ਾਜ਼ਿਲਕਾ, ਮੁਕਤਸਰ ਸਾਹਿਬ, ਸੰਗਰੂਰ ਅਤੇ ਮਲੇਰਕੋਟਲਾ ਵਿੱਚ ਦਿਨ ਦਾ ਤਾਪਮਾਨ ਆਮ ਨਾਲੋਂ ਵੀ ਘੱਟ ਰਹੇਗਾ। ਰਾਤ ਦਾ ਤਾਪਮਾਨ 4 ਤੋਂ 6 ਡਿਗਰੀ ਦੇ ਨੇੜੇ ਰਹਿਣ ਦੇ ਆਸਾਰ ਹਨ।

## ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਨਾਗਪੁਰ ਚ ਕਰਵਾਇਆ ਵਿਸ਼ਾਲ ਸਮਾਗਮ



ਨਾਗਪੁਰ, 7 ਦਸੰਬਰ (ਫ.ਟ.ਬ) ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਨੂੰ ਮਨਾਉਣ ਲਈ ਨਾਗਪੁਰ ਦੇ ਨਾਰਾ ਸਥਿਤ ਸੁਰੇਸ਼ ਚੰਦਰ ਸੂਰੀ ਮੈਦਾਨ ਵਿੱਚ ਇੱਕ ਵਿਸ਼ਾਲ ਰਾਜ ਪੱਧਰੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕੀਤੀ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਮੁਗਲ ਕਾਲ ਦੌਰਾਨ ਗੁਰੂ ਤੇਗ ਬਹਾਦਰ ਸਾਹਿਬ ਜੀ ਢਾਲ ਬਣ ਕੇ ਸਮਾਜ ਅਤੇ ਸੱਭਿਆਚਾਰ ਦੀ ਰੱਖਿਆ ਕੀਤੀ ਉਨ੍ਹਾਂ ਦੀ ਕੁਰਬਾਨੀ ਸਵੈ-ਧਰਮ, ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਇਸ ਸ਼ਾਨਦਾਰ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਸੰਕਲਪ ਪ੍ਰਗਟ ਕੀਤਾ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਮਨੁੱਖਤਾ ਅਤੇ ਸੱਚ ਦੀ ਰੱਖਿਆ ਲਈ ਪ੍ਰੇਰਨਾਦਾਇਕ ਹੈ। ਉਨ੍ਹਾਂ ਯਾਦ ਦਿਵਾਇਆ ਕਿ ਜਦੋਂ ਵੀ ਅਧਰਮ ਵਧਦਾ ਹੈ, ਕੋਈ ਨਾ ਕੋਈ ਧਰਮ ਦੀ ਰੱਖਿਆ ਲਈ ਉੱਠਦਾ ਹੈ—ਅਤੇ ਗੁਰੂ ਸਾਹਿਬ ਜੀ ਨੇ ਆਪਣੀ ਕੁਰਬਾਨੀ ਰਾਹੀਂ ਇਸ ਵਾਅਦੇ ਨੂੰ ਸਾਬਤ ਕੀਤਾ। ਉਨ੍ਹਾਂ ਕਿਹਾ ਕਿ ਇਹ ਸਮਾਗਮ ਰਾਜ ਭਰ ਦੇ ਸ਼ਰਧਾਲੂਆਂ ਨੂੰ ਇਕੱਠੇ ਕਰਨ ਲਈ ਇੱਕ ਮਹੱਤਵਪੂਰਨ ਯਤਨ ਹੈ ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਜੀ ਨੇ ਕਿਹਾ ਕਿ ਭਾਰਤ ਵਿਭਿੰਨਤਾ ਅਤੇ (ਬਾਕੀ ਸਫਾ 2 ਤੇ)

## ਬਿਨਾਂ ਸੱਦੇ ਤੋਂ ਜਾ ਕੇ ਆਪਣੀ ਕਦਰ ਨਾ ਘਟਾਓ।

**ਸਰਬਜੋਤ ਸਿੰਘ ਸੰਧਾ**

ਸਮਾਜ ਸਭ ਤੋਂ ਵੱਡੀ ਯੂਨੀਵਰਸਿਟੀ ਹੈ ਇਥੇ ਇਨਸਾਨ ਉਮਰ ਭਰ ਉਹ ਸਬਕ ਸਿੱਖਦਾ ਹੈ ਜਿਹੜਾ ਸਕੂਲ,ਕਾਲਜ ਜਾਂ ਯੂਨੀਵਰਸਿਟੀ ਵਿਚ ਨਹੀਂ ਸਿਖਾਇਆ ਜਾਂਦਾ।ਇਸ ਸਮਾਜ ਵਿਚ ਹਰ ਤਰਾਂ ਤੇ ਲੋਕ ਰਹਿੰਦੇ ਨੇ। ਹਰ ਕਿਸੇ ਦੀ ਆਪਣੀ ਵੱਖਰੀ ਊਰਜਾ ਹੈ ਕੁਝ ਲੋਕ ਅਜਿਹੇ ਹਨ ਜਿਹੜੇ ਬਿਨਾ ਸੱਦੇ ਤੇ ਵੀ ਚਲੇ ਜਾਦੇ ਹਨ ਪਰ ਕੁਝ ਲੋਕ ਅਜਿਹੇ ਵੀ ਹਨ ਜਿਹੜੇ ਆਪਣੇ ਮਾਨ ਸਨਮਾਨ ਦਾ ਪੂਰਾ ਧਿਆਨ ਰੱਖਦੇ ਹਨ। ਬਿਨਾਂ ਸੱਦੇ ਤੇ ਜਾਣ ਵਾਲਿਆ ਨੂੰ ਉਨ੍ਹਾਂ ਦੇ ਮਾਨ ਸਨਮਾਨ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ ਉਨ੍ਹਾਂ ਦੂਸਰੇ ਦੀ ਖੁਸ਼ਾਮਦ ਕਰਕੇ ਸਿਰਫ ਆਪਣੀ ਜੇਬ ਗਰਮ ਕਰਨ ਤੱਕ ਹੀ ਕੰਮ ਕਰਨਾ ਹੁੰਦਾ ਹੈ। ਇਸ ਸਮਾਜ ਰੂਪੀ ਯੂਨੀਵਰਸਿਟੀ ਵਿਚ ਤੁਹਾਨੂੰ ਕੋਈ ਜਿਥੇ ਰੱਖ ਰਿਹਾ ਹੈ ਜੇਕਰ ਤੁਸੀਂ ਉਥੇ ਰਹੋਗੇ ਤਾ ਤੁਹਾਡਾ ਮਾਨ ਸਨਮਾਨ ਵੀ ਹੋਵੇਗਾ ਤੇ ਤੁਹਾਡੀ ਸ਼ਖ਼ਸੀਅਤ ਹੋਰ ਵੱਡੀ ਹੋਵੇਗੀ।


LIC ਭਾਰਤੀਯ ਜੀਵਨ ਬੀਮਾ ਨਿਗਮ LIFE INSURANCE CORPORATION OF INDIA

ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ, ਲੜਕੀਆਂ ਲਈ ਕੰਨਿਆਦਾਨ ਪੌਲਸੀ, ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਂਕ ਪੌਲਸੀ, ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਥ ਕਲੇਮ,ਮਚਿਉਰਟੀ ਜਾ ਫਿਰ ਹੋਰ ਐਲ ਆਈ ਸੀ ਸੇਵਾ ਲਈ ਸੰਪਰਕ ਕਰੋ: ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।


## ਪੰਜਾਬ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਵਿੱਚ ਦਖਲ ਬਰਦਾਸ਼ਤ ਨਹੀਂ- ਐਡਵੋਕੇਟ ਧਾਮੀ

**ਕਿਹਾ; ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕਾਰਵਾਈ ਮਗਰੋਂ ਸਰਕਾਰੀ ਦਖਲ ਸਿਆਸਤ ਤੋਂ ਪ੍ਰੇਰਿਤ**



ਅੰਮ੍ਰਿਤਸਰ, 7 ਦਸੰਬਰ (ਫ.ਟ.ਬ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਕੁਝ ਜਥੇਬੰਦੀਆਂ ਦੇ ਧਰਨੇ ਦੀ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਕੀਤੀ ਗਈ ਅਗਵਾਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਸੰਸਥਾਵਾਂ ਵਿੱਚ ਖੁੱਲ੍ਹੀ ਦਖਲਅੰਦਾਜ਼ੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਪੁਰਾਣੇ ਮਾਮਲੇ ਵਿੱਚ ਲੱਗੇ ਧਰਨੇ ਵਿਚ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਦਾ ਸ਼ਾਮਲ ਹੋਣਾ ਅਤੇ ਨਿਰਦੇਸ਼ ਦੇਣੇ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਸੁਪਨਾ ਲੈਣਾ ਛੱਡ ਦੇਵੇ ਕਿ ਉਹ ਸਿੱਖ ਸੰਸਥਾਵਾਂ ਨੂੰ ਆਪਣੀ ਮਨਮਰਜ਼ੀ ਨਾਲ ਚਲਾਉਣਗੇ। ਉਨ੍ਹਾਂ ਕਿਹਾ ਕਿ ਕੌਮੀ ਸੰਸਥਾਵਾਂ ਸਿਰਫ਼ ਕੌਮ ਦੀਆਂ ਹਨ ਅਤੇ ਇਨ੍ਹਾਂ ਵਿੱਚ ਸਰਕਾਰੀ ਦਖਲ ਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਸਪਸ਼ਟ ਤੌਰ ‘ਤੇ ਆਖਿਆ ਕਿ ਸਿੱਖ ਕੌਮ ਆਪਣੀਆਂ ਧਾਰਮਿਕ ਸੰਸਥਾਵਾਂ ਦੀ ਮਰਯਾਦਾ ਅਤੇ ਪਰੰਪਰਾਵਾਂ ਦੀ ਰੱਖਿਆ ਕਰਨੀ ਜਾਣਦੀ ਹੈ, ਜਿਸ ਬਾਰੇ ਸਰਕਾਰ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਜਿਸ ਮਾਮਲੇ ਵਿਚ ਸਰਕਾਰ ਦਖਲ ਦੇਣ ਦੀ ਗੰਭੀਰ ਗਲਤੀ ਕਰ ਰਹੀ ਹੈ, ਇਹ ਸਿੱਧੇ ਤੌਰ ‘ਤੇ ਸ਼੍ਰੋਮਣੀ ਕਮੇਟੀ ਦਾ ਪ੍ਰਬੰਧਕੀ ਮਾਮਲਾ ਹੈ।ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਦੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਆਪ ਜਾਂਚ ਕਰਵਾਈ ਗਈ ਸੀ ਅਤੇ ਜਾਂਚ ਪੜਤਾਲ ਦੀ ਰੀਪੋਰਟ ਅਤੇ ਸਿਫਾਰਸ਼ਾਂ ਅਨੁਸਾਰ ਵਿਭਾਗੀ ਕਾਰਵਾਈ ਕੀਤੀ ਜਾ ਚੁੱਕੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰੀਪੋਰਟ ਵਿੱਚ ਸਪੱਸ਼ਟ ਹੋ ਚੁੱਕਾ ਹੈ ਕਿ 328 ਪਾਵਨ ਸਰੂਪਾਂ ਦਾ ਮਾਮਲਾ ਬੇਅਦਬੀ ਦਾ ਨਹੀਂ ਬਲਕਿ ਕੁਝ ਮੁਲਾਜ਼ਮਾਂ ਵੱਲੋਂ ਪੈਸਿਆਂ ਦੀ ਕੀਤੀ ਹੇਰਾਫੇਰੀ ਦਾ ਹੈ।ਉਨ੍ਹਾਂ ਕਿਹਾ ਕਿ ਕੌਮ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹਨ ਅਤੇ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਸਾਰੀ ਕਾਰਵਾਈ ਮੁਕੰਮਲ ਕੀਤੀ ਜਾ ਚੁੱਕੀ ਹੈ ਤਾਂ ਸਰਕਾਰ ਕੌਣ ਹੁੰਦੀ ਹੈ ਕਿ ਉਹ ਇਸ ਉਤੇ ਸਿਆਸਤ ਕਰੇ।ਐਡਵੋਕੇਟ ਧਾਮੀ ਨੇ 1999 ਵਿੱਚ ਛਪੀ ਕਿਤਾਬ ਦੇ ਮਾਮਲੇ ਨੂੰ ਦਿੱਤੀ ਜਾ ਰਹੀ ਤੂਲ ਨੂੰ ਵੀ ਸਿਆਸੀ ਹਰਕਤ ਦੱਸਿਆ। (ਬਾਕੀ ਸਫਾ 2 ਤੇ)


FT

ਹੱਕ ਸੱਚ ਦੀ ਆਵਾਜ਼

ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575


## ਜ਼ਿਲਾ ਪ੍ਰੀਸ਼ਦ, ਸੰਮਤੀ ਚੋਣਾਂ ਵਿੱਚ ਧੱਕੇਸ਼ਾਹੀਆਂ ਕਾਰਨ ਲੋਕਤੰਤਰ ਹੋਇਆ ਪੂਰੀ ਤਰ੍ਹਾਂ ਖ਼ਤਮ - ਖਹਿਰਾ



ਸ੍ਰੀ ਗੋਇੰਦਵਾਲ ਸਾਹਿਬ, 7 ਦਸੰਬਰ (ਐਸ ਐਸ ਸੰਧਾ) ਪੰਜਾਬ ਵਿੱਚ ਹੋ ਰਹੀਆਂ ਜ਼ਿਲਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਇਸ ਵਾਰ ਧੱਕੇਸ਼ਾਹੀਆਂ ਦੇ ਸਾਰੇ ਰਿਕਾਰਡ ਟੁੱਟ ਗਏ ਹਨ ਅਤੇ ਲੋਕਾਂ ਨੂੰ ਚੋਣਾਂ ਵਿੱਚ ਖੜੇ ਹੋਣ ਤੋਂ ਰੋਕਣ ਲਈ ਹਰੇਕ ਗਲਤ ਹੱਥਕੰਡਾ ਵਰਤਿਆ ਗਿਆ ਹੈ।ਇਸ ਲਈ ਬੀ. ਡੀ. ਪੀ. ਓ. ਅਤੇ ਪੰਚਾਇਤ ਵਿਭਾਗ ਨੇ ਪਹਿਲਾਂ ਲੋਕਾਂ ਨੂੰ ਐਨ. ਓ. ਸੀ. ਦੇਣ ਤੋਂ ਆਨਾ ਕਾਨੀ ਕੀਤੀ ਅਤੇ ਫਿਰ ਉਮੀਦਵਾਰਾਂ ਪਾਸੋਂ ਕਾਗਜ਼ ਖੋਹੇ ਗਏ, ਪਾੜ ਦਿੱਤੇ ਗਏ , ਉਮੀਦਵਾਰਾਂ ਦੀ ਕੁੱਟਮਾਰ ਕੀਤੀ ਗਈ।ਇਸ ਬਾਅਦ ਵੀ ਵੱਡੀ ਪੱਧਰ ਤੇ ਸਾਰੀਆਂ ਪਾਰਟੀਆਂ ਦੇ ਬਹੁਤੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਕੇ ਆਪ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਬਣਾਏ ਗਏ। ਇਹ ਗਲਤ ਵਰਤਾਰੇ ਨੇ ਜਿੱਥੇ ਲੋਕਾਂ ਦੇ ਚੋਣਾਂ ਲੜਨ ਦੇ ਹੱਕ ਕੁਚਲੇ ਹਨ ਉੱਥੇ ਲੋਕਤੰਤਰ ਨੂੰ ਪੂਰੀ ਤਰ੍ਹਾਂ ਖ਼ਤਮ ਕਰਕੇ ਰੱਖ ਦਿੱਤਾ ਹੈ।ਸ਼ਾਇਦ ਆਪ ਵਾਲਿਆਂ ਨੂੰ ਪਤਾ ਸੀ ਕਿ ਚੋਣਾਂ ਲੜ ਕੇ ਉਹਨਾਂ ਦੇ ਉਮੀਦਵਾਰ ਜਿੱਤਣੇ ਮੁਸ਼ਕਿਲ ਹਨ। ਇਹ ਸ਼ਬਦ ਭਾਜਪਾ ਦੇ ਮੁੱਖ ਬੁਲਾਰੇ ਅਤੇ ਜ਼ਿਲਾ ਮੀਤ ਪ੍ਰਧਾਨ ਅਮਰਪਾਲ ਸਿੰਘ ਖਹਿਰਾ ਨੇ ਚੋਣਵੇਂ ਪੱਤਰਕਾਰਾਂ ਨਾਲ਼ ਸਾਂਝੇ ਕੀਤੇ।ਉਹਨਾਂ ਹੋਰ ਕਿਹਾ ਕਿ ਸਭ ਤੋਂ ਮੰਦਭਾਗਾ ਰੋਲ ਪੰਜਾਬ ਪੁਲਿਸ ਦਾ ਰਿਹਾ ਜਿਹਨਾਂ ਨੇ ਸੰਵਿਧਾਨ ਅਤੇ ਲੋਕਾਂ ਲਈ ਡਿਊਟੀ ਕਰਨ ਦੀ ਥਾਂ ਸਿਆਸੀ ਆਗੂਆਂ ਦੇ ਹੁਕਮ ਮੰਨ ਕੇ ਲੋਕਾਂ ਨਾ਼ਲ ਧੱਕੇਸ਼ਾਹੀ ਕਰਵਾਈ ਅਤੇ ਚੋਣ ਅਧਿਕਾਰੀਆਂ ਦੀ ਭੂਮਿਕਾ ਵੀ ਮੰਦਭਾਗੀ ਰਹੀ।ਉਹਨਾਂ ਕਿਹਾ ਕਿ ਅਜਿਹੀ ਪਿਰਤ ਅੱਗੇ ਚੱਲ ਕੇ ਪੰਜਾਬ ਦਾ ਮਹੌਲ ਖਰਾਬ ਕਰੇਗੀ ਅਤੇ ਲੋਕਾਂ ਵਿੱਚੋਂ ਕਨੂੰਨ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਖ਼ਤਮ ਹੋਵੇਗਾ।ਇਸ ਮੌਕੇ ਅਮਰਪਾਲ ਸਿੰਘ ਖਹਿਰਾ ਨਾ਼ਲ ਭਾਜਪਾ ਦੇ ਜ਼ਿਲਾ (ਬਾਕੀ ਸਫਾ 2 ਤੇ)

ਸਫ਼ਾ 1 ਦੀ ਬਾਕੀ

## ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ......

ਫਤਿਹ ਟਾਈਮਜ਼ ਸਦਭਾਵਨਾ ਦਾ ਦੇਸ਼ ਰਿਹਾ ਹੈ, ਪਰ ਮੁਗਲਾਂ ਨੇ ਸੱਭਿਆਚਾਰ ਅਤੇ ਦੇਸ਼ 'ਤੇ ਸਖ਼ਤ ਹਮਲੇ ਕੀਤੇ। ਮਹਾਰਾਸ਼ਟਰ ਅਤੇ ਪੰਜਾਬ ਨੇ ਇਨ੍ਹਾਂ ਹਮਲਿਆਂ ਦਾ ਬਹਾਦਰੀ ਨਾਲ ਸਾਹਮਣਾ ਕੀਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਭਾਰਤੀ ਸੱਭਿਆਚਾਰ ਦੀ ਰੱਖਿਆ ਦਾ ਇਤਿਹਾਸ ਹੈ। ਇਸ ਸਮਾਗਮ ਵਿੱਚ ਰਾਜ ਦੇ ਮੰਤਰੀ, ਸੰਤ, ਸਮਾਜਿਕ ਆਗੂ ਅਤੇ ਸੀਨੀਅਰ ਅਧਿਕਾਰੀ ਵੱਡੀ ਗਿਣਤੀ ਵਿੱਚ ਮੌਜੂਦ ਸਨ ਅਨੁਸ਼ਾਸਨ ਅਤੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਗਈਨਾਗਪੁਰ ਦੇ ਲੋਕਾਂ ਨੇ ਸਮਾਗਮ ਵਿੱਚ ਬੇਮਿਸਾਲ ਹਾਜ਼ਰੀ ਨਾਲ ਅਨੁਸ਼ਾਸਨ ਦਾ ਪਾਲਣਾ ਕੀਤੀ। ਪੁਲਿਸ ਪ੍ਰਸ਼ਾਸਨ ਨੇ ਪਾਰਕਿੰਗ, ਸੁਰੱਖਿਆ, ਭੀੜ ਪ੍ਰਬੰਧਨ ਅਤੇ ਸੀਸੀਟੀਵੀ ਰਾਹੀਂ ਸੁਚਾਰੂ ਨਿਯੰਤਰਣ ਬਣਾਈ ਰੱਖਿਆ ਅਤੇ ਸੰਗਤਾ ਲਈ ਚਾਹ, ਪਾਣੀ, ਡਾਕਟਰੀ ਸਹੂਲਤਾਂ, ਈ-ਰਿਕਸ਼ਾ ਸੇਵਾ, ਜੋੜਾ ਘਰ ਅਤੇ ਵਿਸ਼ੇਸ਼ ਲੰਗਰ ਦਾ ਪ੍ਰਬੰਧ ਕੀਤਾ ਗਿਆ ਅਤੇ ਲਗਭਗ ਡੇਢ ਲੱਖ ਸੰਗਤਾ ਵਲੋ ਲੰਗਰ ਪ੍ਰਸ਼ਾਦਾ ਛਕਿਆ ਗਿਆ।

ਸਫ਼ਾ 1 ਦੀ ਬਾਕੀ

## ਪੰਜਾਬ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਵਿੱਚ ਦਖਲ ਬਰਦਾਸ਼ਤ........

ਫਤਿਹ ਟਾਈਮਜ਼ ਉਨ੍ਹਾਂ ਆਖਿਆ ਕਿ ਜੋ ਅੰਗਰੇਜ਼ੀ ਪੁਸਤਕ ਦਾ ਅਨੁਵਾਦ ਕਰਵਾ ਕੇ ਪੁਸਤਕ ਛਪਾਈ ਗਈ ਸੀ, ਇਤਰਾਜ਼ਾਂ ਬਾਅਦ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਬੰਧਕਾਂ ਨੇ ਇਸ ’ਤੇ ਰੋਕ ਲਗਾਉਣ ਦੇ ਨਾਲ ਨਾਲ ਇਸ ਨੂੰ ਵਾਪਸ ਲੈਣ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਵੀ ਦਿੱਤੇ ਸਨ। ਇਸ ਤੋਂ ਇਲਾਵਾ ਬੀਤੇ ਵਿਚ ਇਜਲਾਸ ਦੌਰਾਨ ਭੁੱਲ ਦੀ ਖਿਮਾ ਵੀ ਮੰਗੀ ਗਈ ਸੀ। ਹੁਣ ਇਸ ਨੂੰ ਮੁੜ ਮੁੜ ਉਭਾਰਨ ਦੀ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਦਬਾਅ ਜਾਂ ਨੀਵੀਂ ਪੱਧਰ ਦੀ ਸਰਕਾਰੀ ਹਰਕਤ ਤੋਂ ਘਬਰਾਉਣ ਵਾਲੀ ਨਹੀਂ ਅਤੇ ਕਮੇਟੀ ਦੇ ਮੈਂਬਰ ਸਰਕਾਰੀ ਚਾਲਾਂ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਬੰਦ ਕੀਤੀ ਜਾਵੇ। ਜੇਕਰ ਸਿੱਖ ਸੰਸਥਾਵਾਂ ਅਤੇ ਗੁਰੂ ਘਰ ਦੀ ਮਰਯਾਦਾ ਵਿਚ ਦਖਲ ਦੀਆਂ ਹਰਕਤਾਂ ਬੰਦ ਨਾ ਕੀਤੀਆਂ ਤਾਂ ਨਿਕਲਣ ਵਾਲੇ ਨਤੀਜਿਆਂ ਲਈ ਜ਼ੁੰਮੇਵਾਰ ਪੰਜਾਬ ਸਰਕਾਰ ਹੋਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਅਪੀਲ ਕੀਤੀ ਕਿ ਜਿਹੜੇ ਮਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਿਚਾਰੇ ਜਾਣ ਬਾਅਦ ਕਾਰਵਾਈ ਕੀਤੀ ਜਾ ਚੁੱਕੀ ਹੈ, ਉਨ੍ਹਾਂ ਵਿਚ ਸਰਕਾਰਾਂ ਦੀ ਦਖਲਅੰਦਾਜ਼ੀ ਦਾ ਨੋਟਿਸ ਲਿਆ ਜਾਵੇ, ਤਾਂ ਜੋ ਪੰਥ ਦੀਆਂ ਰਵਾਇਤਾਂ ਦਾ ਸਤਿਕਾਰ ਬਰਕਰਾਰ ਰਹੇ।

ਸਫ਼ਾ 1 ਦੀ ਬਾਕੀ

## ਜ਼ਿਲਾ ਪ੍ਰੀਸ਼ਦ, ਸੰਮਤੀ ਚੋਣਾਂ ਵਿੱਚ ਧੱਕੇਸ਼ਾਹੀਆਂ ਕਾਰਨ ਲੋਕਤੰਤਰ........

ਫਤਿਹ ਟਾਈਮਜ਼ ਜ਼ਿਲਾ ਮੀਤ ਪ੍ਰਧਾਨ ਅਤੁਲ ਜੈਨ, ਕਿਸਾਨ ਮੋਰਚਾ ਦੇ ਜ਼ਿਲਾ ਪ੍ਰਧਾਨ ਗੁਰਸਾਹਿਬ ਸਿੰਘ ਖਡੂਰ ਸਾਹਿਬ, ਐਸ. ਸੀ. ਮੋਰਚਾ ਦੇ ਸਕੱਤਰ ਸਤਨਾਮ ਸਿੰਘ ਫਤਿਹਾਬਾਦ, ਗੁਰਦੀਪਕ ਸਿੰਘ ਪੱਟੀ, ਜ਼ਿਲਾ ਮੀਡੀਆ ਇੰਚਾਰਜ ਦਸਬਿੰਦਰ ਸਿੰਘ, ਹਰਜੀਤ ਸਿੰਘ ਫਿਰੋਜ਼ਪੁਰੀਆ ਆਦਿ ਮੌਜੂਦ ਸਨ।

Hotel
EURO
PALACE
&
Restorent
Mandi road
Rewalsar
Wi fi & Rooms
Available
Mob:9817679963

ਪੱਤਰਕਾਰਾਂ ਦੀ ਲੋੜ
ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।
ਮੋ:99885-37575

## ਮਖੂ,ਮੱਲਾਂਵਾਲਾ ਦੇ ਸਾਬਕਾ ਸੈਨਿਕਾ ਦੀ ਮਹੀਨਾਂਵਰੀ ਮੀਟਿੰਗ ਹੋਈ

ਫਤਿਹ ਟਾਈਮਜ਼

ਮਖੂ, 7 ਦਸੰਬਰ (ਸ਼ਬੇਗ ਸਿੰਘ) ਮਖੂ ਮੱਲਾਂਵਾਲਾ ਸਾਬਕਾ ਸੈਨਿਕ ਵੈਲਫੇਅਰ ਸੁਸਾਇਟੀ ਰਜਿ ਕਾਰਗਿਲ ਭਵਨ ਦੇ ਤਹਿਸੀਲ ਪ੍ਰਧਾਂਨ ਕਰਨਲ ਕਸ਼ਮੀਰ ਸਿੰਘ ਢਿਲੋਂ ਦੀ ਅਗਵਾਈ ਵਿਚ ਨਾਇਕ ਸਤਨਾਮ ਸਿੰਘ ਝਾਮਕੇ ਦੇ ਗ੍ਰਹਿ ਖੁਲ੍ਹੇ ਹਾਲ ਵਿਚ ਮਹੀਨਾਂਵਰੀ ਮੀਟਿੰਗ ਹੋਈ । ਇਸ ਮੀਟਿੰਗ ਵਿਚ ਕਰਨਲ ਕਸ਼ਮੀਰ ਸਿੰਘ ਢਿਲੋਂ ਨੇ ਸਭ ਤੋਂ ਪਹਿਲਾਂ ਆਰਮੀ ਫਲੈਗ ਡੇਅ ਦੀਆ ਸਾਰੇ ਸਾਬਕਾ ਸੈਨਿਕਾਂ ਹਾਜਰ ਸੈਨਿਕਾਂ ਤੇ ਉਹਨਾ ਦੇ ਪਰਿਵਾਰਾਂ ਨੂੰ ਵਧਾਈਆਂ ਦਿੱਤੀਆਂ । ਇਸ ਤੋਂ ਬਾਅਦ ਸਿੰਗਲਾ ਅੱਖਾ ਦੇ ਹਸਪਤਾਲ ਕੋਟਕਪੂਰਾ ਤੋਂ



ਡਾਕਟਰ ਪ੍ਰਕਾਸ਼ ਚੰਦ ਜੀ ਨੇ ਈ ਸੀ ਐਚ ਮੈਂਬਰਾਂ ਨੂੰ ਉਹਨਾਂ ਦੇ ਅੱਖਾਂ ਦੇ ਹਸਪਤਾਲ ਵਿਚ ਇਲਾਜ ਕਰਾਉਣ ਲਈ ਜਾਨਕਾਰੀ ਦਿੱਤੀ ਗਈ। ਇਸ ਤੋਂ ਬਾਦ ਕਰਨਲ ਕਸ਼ਮੀਰ ਸਿੰਘ ਢਿਲੋਂ ਜੀ ਨੇ ਸਾਬਕਾ ਸੈਨਿਕਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਸਾਰੇ ਬੈਂਕਾਂ ਵਿਚ ਡੀ ਐਸ ਪੀ ਖਾਤੇ ਖ੍ਹੋਲਣ ਲਈ ਕਿਹਾ ਤੇ ਇਸ ਦੇ ਫਾਇਦਿਆਂ ਬਾਰੇ ਵਿਸਥਾਰ ਪੂਰਬਕ ਜਾਨਕਾਰੀ ਦਿੱਤੀ। ਇਸ ਮੌਕੇ ਇਕ ਵੀਰ ਨਾਰੀ ਦੀ ਪੈਨਸ਼ਨ ਸਹੀ ਆ ਰਹੀ ਹੈ ਕਿ ਨਹੀਂ ਬਾਰੇ ਪੂਰੇ ਡਾਕੂਮੈਂਟ ਚੈਕ ਕਰਕੇ ਕਰਨਲ ਕਸ਼ਮੀਰ ਸਿੰਘ ਨੇ ਉਹਨਾਂ ਨੂੰ ਯਕੀਨ ਦਿਵਾਇਆ ਕਿ ਉਹਨਾਂ ਦੀ ਪੈਨਸ਼ਨ ਬਿਲਕਲ ਜੋ ਸਹੀ ਬਣਦੀ ਏ ਉਹ ਹੀ ਆ ਰਹੀ ਹੈ। ਇਸ ਮੌਕੇ ਕਰਨਲ ਕਸ਼ਮੀਰ ਸਿੰਘ ਢਿਲੋਂ, ਇਕਾਈ ਪ੍ਰਧਾਂਨ ਦਫੇਦਾਰ ਬੋਹੜ ਸਿੰਘ ਕੀਮੇਵਾਲੀ,ਕੈਪਟਨ ਗੁਰਮੇਜ ਸਿੰਘ,ਕੈਪਟਨ ਸੁੱਚਾ ਸਿੰਘ,ਸੂਬੇਦਾਰ ਮੇਜਰ ਬਾਜ ਸਿੰਘ,ਸੂਬੇਦਾਰ ਸੇਵਾ ਸਿੰਘ,ਸੂਬੇਦਾਰ ਜਸਵੰਤ ਸਿੰਘ,ਸੂਬੇਦਾਰ ਰੇਸ਼ਮ ਸਿੰਘ ਨੇਵੀ ਵੀਰ ਨਾਰੀ ਪਤਨੀ ਦਲਬੀਰ ਸਿੰਘ ,ਹੌਲਦਾਰ ਬਲਵਿੰਦਰ ਸਿੰਘ,ਹੌਲਦਾਰ ਸਲਵਿੰਦਰ ਸਿੰਘ, ਚੰਚਲ ਸਿੰਘ, ਅਮਰਜੀਤ ਸਿੰਘ, ਨਾਇਕ ਸਤਨਾਮ ਸਿੰਘ ਝਾਮਕੇ ,ਗੁਰਦੇਵ ਸਿੰਘ ਮਖੂ,ਹੌਲਦਾਰ ਮੇਜਰ ਸਿੰਘ,ਬਲਵੀਰ ਸਿੰਘ, ਅਵਤਾਰ ਸਿੰਘ ,ਗੁਰਦੇਵ ਸਿੰਘ ਅਤੇ ਹੋਰ ਬਹੁਤ ਸਾਰੇ ਸਾਬਕਾ ਸੈਨਿਕ ਹਾਜਰ ਸਨ।

## ਗੁਰਦੁਆਰਾ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਜੀ ਦੇ ਪਾਵਨ ਅਸਥਾਨ ਤੇ ਸ਼ਹਿਰ ਦੀਆਂ ਸੰਮੂਹ ਧਾਰਮਿਕ ਸਭਾ ਸੁਸਾਇਟੀਆ ਨੂੰ ਆਪਣੇ ਕਰ ਕਮਲਾਂ ਨਾਲ ਮੈਨੇਜਰ ਸ੍ਰ ਭਗਵੰਤ ਸਿੰਘ ਧੰਗੇੜਾ ਅਤੇ ਮੈਨੇਜਰ ਸ੍ਰ ਜਤਿੰਦਰ ਪਾਲ ਸਿੰਘ ਨੇ ਲਗਪਗ 100 ਗੁਰਮੁੱਖਾਂ ਨੂੰ ਕੀਤਾ ਸਨਮਾਨਿਤ

ਫਤਿਹ ਟਾਈਮਜ਼

ਸ੍ਰੀ ਅੰਮ੍ਰਿਤਸਰ ਸਾਹਿਬ, 7 ਦਸੰਬਰ (ਹਰਪਾਲ ਸਿੰਘ ) ਅਣਖੀਲੇ ਜਰਨੈਲ, ਸੂਰਬੀਰ ਯੋਧੇ, ਕਹਿਣੀ ਅਤੇ ਕਰਨੀ ਦੇ ਪੂਰੇ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਜ਼ਮਤ ਖਾਤਰ ਆਪਾ ਵਾਰਨ ਵਾਲੇ ਲਾਸਾਨੀ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦੱਖਣੀ ਬਾਹੀ ਚਾਟੀਵਿੰਡ ਸਥਿਤ, ਸੁਸ਼ੋਭਿਤ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮਨਾਇਆ ਗਿਆ। ਇਸ ਦੇ ਸੰਦਰਭ ਵਿਚ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਮੈਨੇਜਰ ਸ੍ਰ ਜਤਿੰਦਰ ਪਾਲ ਸਿੰਘ ਦੀ ਸਰਪ੍ਰਸਤੀ ਹੇਠ ਸ਼ਹਿਰ ਦੀਆਂ ਸੰਮੂਹ ਧਾਰਮਿਕ ਸਭਾ ਸੁਸਾਇਟੀਆ ਦੇ ਮੁਖੀਆਂ ਤੋਂ ਇਲਾਵਾ ਬਾਬਾ ਦੀਪ ਸਿੰਘ ਜੀ ਦੇ ਪਾਵਨ ਅਸਥਾਨ ਤੇ ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤੱਕ ਵੱਖ ਵੱਖ ਸੇਵਾਵਾਂ ਨਿਭਾਉਣ ਵਾਲੇ ਗੁਰਮੁੱਖ ਵੀਰਾਂ ਅਤੇ ਭੈਣਾਂ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਮੈਨੇਜਰ ਸ੍ਰ ਭਗਵੰਤ ਸਿੰਘ ਧੰਗੇੜਾ ਅਤੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਮੈਨੇਜਰ ਸ੍ਰ ਜਤਿੰਦਰ ਪਾਲ ਸਿੰਘ ਨੇ ਗੁਰਦੁਆਰਾ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਜੀ ਦੇ ਪਾਵਨ ਅਸਥਾਨ ਦੀ ਪਹਿਲੀ ਮੰਜ਼ਿਲ ਤੇ ਆਪਣੇ ਕਰ ਕਮਲਾਂ ਨਾਲ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਨਿਵਾਜਿਆ।



ਵੱਖ ਵੱਖ ਸੇਵਾਵਾਂ ਨਿਭਾਉਣ ਵਾਲੇ ਗੁਰਸਿੱਖ ਵੀਰ ਅਤੇ ਭੈਣਾਂ ਮਹਾਂਬਲੀ ਸੂਰਬੀਰ ਯੋਧੇ ਬਾਬਾ ਦੀਪ ਸਿੰਘ ਜੀ ਦੇ ਪਾਵਨ ਅਸਥਾਨ ਸੇਵਾ ਨਿਭਾਉਣ ਲਈ ਕੋਟਨ ਕੋਟ ਸ਼ੁਕਰਾਨਾ ਕਰਦੇ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਸਨ। ਸਚਮੁੱਚ ਐਸੈ ਪਾਵਨ ਅਸਥਾਨ ਦੀ ਸੇਵਾ ਕਿਸੇ ਵਿਰਲੇ ਟਾਂਵੇਂ ਭਾਗਾਂ ਵਾਲਿਓ ਨੂੰ ਹੀ ਨਸੀਬ ਹੁੰਦੀ ਹੈ। ਜੋਂ ਆਪਣੇ ਕਾਰ ਵਿਹਾਰ ਕਰਨ ਦੇ ਨਾਲ ਨਾਲ ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤੱਕ ਨਤਮਸਤਕ ਹੋਣ ਲਈ ਦਿਲ ਵਿਚ ਹਮੇਸ਼ਾ ਉਤਸਕਤਾ ਬਣੀ ਰਹਿੰਦੀ ਹੈ। ਹੋਏ ਇਸ ਸੰਖੇਪ, ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਵਿੱਚ ਭੋਰਾ ਤਿਲ ਸੁੱਟਣ ਦੀ ਵੀ ਜਗ੍ਹਾ ਨਹੀਂ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰ ਅਜਾਇਬ ਸਿੰਘ ਅਭਿਆਸੀ, ਸ੍ਰ ਯੁਵਰਾਜ ਸਿੰਘ ਐਡੀਸ਼ਨਲ ਮੈਨੇਜਰ, ਸ੍ਰ ਕੁਲਵੰਤ ਸਿੰਘ ਮੀਤ ਮੈਨੇਜਰ, ਸ੍ਰ ਕੁਲਵਿੰਦਰ ਸਿੰਘ ਸੂਪਰਵਾਈਜਰ, ਇੰਚਾਰਜ ਸ੍ਰ ਜਗਜੀਤ ਸਿੰਘ ਜੱਗੀ, ਸ੍ਰ ਬਲਦੇਵ ਸਿੰਘ ਧੁੰਨ, ਸ੍ਰ ਤਰਵਿੰਦਰ ਸਿੰਘ ਮੋਨੂੰ, ਸ੍ਰ ਜਸਵਿੰਦਰ ਸਿੰਘ( ਸਾਰੇ ) ਲਗਪਗ ਪੰਜ ਦਹਾਕਿਆਂ ਤੋਂ ਹਰ ਐਤਵਾਰ ਦੁਪਿਹਰੇ ਮੌਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਣ ਵਾਲੇ ਸ੍ਰੀ (ਰਕੇਸ਼ ਕੁਮਾਰ ਸਵਾਮੀ ਜੀ )ਮੰਚ ਸੰਚਾਲਕ ਸ੍ਰ ਦਵਿੰਦਰ ਸਿੰਘ, ਸ੍ਰ ਰਜਿੰਦਰ ਸਿੰਘ ਸਾਂਘਾ,,ਸ਼ਬਦੀ ਚੌਕੀ ਜੱਥਾ ਸ੍ਰ ਕੁਲਵਿੰਦਰ ਸਿੰਘ ਪੰਡੋਰੀ, ਸ੍ਰ ਬਲਵਿੰਦਰ ਸਿੰਘ ਰਾਜੋਕੇ, ਸ੍ਰ ਮਿਤਰਪਾਲ ਸਿੰਘ, ਭਾਈ ਸੁਖਵੰਤ ਸਿੰਘ ਬਿੱਟੂ ਮੋਚੀ ਅਤੇ ਮੁੱਖ ਸੇਵਾਦਾਰ ਗਤਕਾ ਅਖਾੜਾ, ਸ੍ਰ ਭੁਪਿੰਦਰ ਸਿੰਘ ਅੰਮ੍ਰਿਤ ਵੇਲਾ,ਸ੍ਰ ਉਪਕਾਰ ਸਿੰਘ ਰੰਧਾਵਾ, ਗੁਟਕਾ ਸਾਹਿਬ ਜੀ ਸੇਵਾ ਨਿਭਾਉਣ ਵਾਲੇ ਗੁਰਸਿੱਖ ਵੀਰ ਸ੍ਰ ਹਰਵਿੰਦਰ ਸਿੰਘ, ਸ੍ਰ ਹਰਮੀਤ ਸਿੰਘ, ਭਾਈ ਸੁਰਿੰਦਰ ਸਿੰਘ ਰਾਗੀ, ਸ੍ਰ ਜਤਿੰਦਰ ਸਿੰਘ ਸੇਵਾ ਜੋੜਾ ਘਰ (ਦੋਨੋਂ) ਸ੍ਰ ਨਵਤੇਜ ਸਿੰਘ ਕਲਕੱਤਾ, ਸ੍ਰ ਸਰੂਪ ਸਿੰਘ ਸ਼ਬਦ ਚੌਕੀ ਜੱਥਾ ਗੁਰਦੁਆਰਾ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ, ਲਗਪਗ ਪੰਜ ਦਹਾਕਿਆਂ ਤੋਂ ਰੋਜ਼ਾਨਾ ਹੁਕਮਨਾਮਾ ਲਿਖਣ ਵਾਲੇ( ਭਾਈ ਉਪਕਾਰ ਸਿੰਘ ਲਿਖਾਰੀ ) ਬੋਰਡਾਂ ਦੀ ਸੇਵਾ ਨਿਭਾਉਣ ਵਾਲੇ ਸ੍ਰ ਚਰਨਜੀਤ ਸਿੰਘ , ਐਤਵਾਰ ਚਾਹ ਦੇ ਲੰਗਰ ਦੀ ਸੇਵਾ ਨਿਭਾਉਣ ਵਾਲੇ ਸ੍ਰ ਸਰਮੁਖ ਸਿੰਘ, ਸ੍ਰ ਨਰਿੰਦਰ ਸਿੰਘ ਸੇਵਾ ਇਸ਼ਨਾਨ, ਐਤਵਾਰ ਸੰਗਤਾਂ ਨੂੰ ਵਾਰੀ ਅਨੁਸਾਰ ਰਸਤੇ ਤੋਂ ਲੰਘਾਉਣ ਵਾਲੇ (ਸ੍ਰ ਕਵਲਨੈਣ ਸਿੰਘ ਗੁਲੂ, ਸ੍ਰ ਗੁਲਜਾਰ ਸਿੰਘ ਦੋਨੋਂ )ਸ੍ਰ ਭਗਵਾਨ ਸਿੰਘ ਸੰਧੂ ਸਬਜ਼ੀ ਦੇ ਲੰਗਰ, ਤਿੰਨ ਛਬੀਲਾਂ ਦੀ ਸੇਵਾ ਸ੍ਰ ਫੁਲਜੀਤ ਸਿੰਘ, ਸੰਗਤਾਂ ਦੀ ਸਹੂਲਤ ਲਈ ਪਾਵਨ ਜੋਤ ਤੇ ਵਾਰੀ ਅਨੁਸਾਰ ਨਤਮਸਤਕ ਕਰਵਾਉਣ ਦੀ ਸੇਵਾ ਸ੍ਰ ਹਰਪਾਲ ਸਿੰਘ, ਹਰ ਐਤਵਾਰ ਲੰਗਰ ਵਰਤਾਉਣ ਦੀ ਸੇਵਾ ਸ੍ਰ ਭਾਈ ਨਗੀਨਾ, ਡਾਕਟਰ ਬਲਬੀਰ ਸਿੰਘ, ਲਗਪਗ ਛੇ ਦਹਾਕਿਆਂ ਤੋਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਦੁਖਭੰਜਨੀ ਬੇਰੀ ਤੋਂ ਰੋਜ਼ਾਨਾ ਜਲ ਦੀ ਗਾਗਰ ਦੀ ਸੇਵਾ ਨਿਭਾਉਣ ਵਾਲੇ (ਭਾਈ ਸੰਤੋਖ ਸਿੰਘ ਗਾਗਰੀ ) ਪ੍ਰੀਤ ਲਾਈਟ,ਸੇਠੀ ਟੈਂਟ ਹਾਊਸ, ਬੌਬੀ ਵੀਰ, ਸੇਵਾ ਕੈਂਚੀ ਗੇਟ ਮੈਡੀਕਲ ਸੇਵਾ ਸ੍ਰ ਟੀ ਪੀ ਸਿੰਘ ਫੋਰਮੈਨ , ਸ੍ਰ ਜਗਰੂਪ ਸਿੰਘ, ਸ੍ਰ ਕੁਲਵੰਤ ਸਿੰਘ ਸੇਵਾ ਰਸਦ ਇਕੱਤਰ ਕਰਨਾਂ ਸ੍ਰ ਲਖਵਿੰਦਰ ਸਿੰਘ ਸੇਵਾ ਸਿਰਪਾਉ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਛਬੀਲ ਸੇਵਾ ਸ੍ਰ ਦਵਿੰਦਰ ਸਿੰਘ(,ਹੈਪੀ ਵੀਰ ਸੇਵਾ ਇਸ਼ਨਾਨ ਰਾਤ) ਭੋਲੂ ਵੀਰ ਸੇਵਾ ਇਸ਼ਨਾਨ, ਲੰਗਰ, ਸ੍ਰ ਜਤਿੰਦਰ ਸਿੰਘ, ਪ੍ਰਫਿਊਮ ਸੇਵਾ ਸ ਸੁਖਪ੍ਰੀਤ ਸਿੰਘ ਸ੍ਰ ਜਸਵਿੰਦਰ ਸਿੰਘ ਅਦਾਰਾ ਵਤਨ ਦੀ ਮਿੱਟੀ, ਭਾਈ ਗੁਰਦਿਆਲ ਸਿੰਘ,ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL

ਮਿਆਰੀ ਖ਼ਬਰਾਂ ਦੇਖਣ ਲਈ
fatehtimes channel
ਨੂੰ ਜ਼ਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

## ਬਲਾਕ ਸੰਮਤੀ ਚੋਣਾਂ ਵਿਚ ਕਾਂਗਰਸ ਕਰੇਗੀ ਬਹੁਮਤ ਪ੍ਰਾਪਤ : ਸਾਬਕਾ ਵਿਧਾਇਕ ਸਿੱਕੀ



ਫਤਿਹਾਬਾਦ, 7 ਦਸੰਬਰ (ਐਸ ਐਸ ਸੰਧਾ/ਸ਼ੀਤਲ ਬਾਵਾ) ਕਾਂਗਰਸ ਪਾਰਟੀ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਬਹੁਮਤ ਪ੍ਰਾਪਤ ਕਰੇਗੀ। ਇਹ ਪ੍ਰਗਟਾਵਾ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਬਲਾਕ ਸੰਮਤੀ ਜ਼ੋਨ ਫਤਿਆਬਾਦ ਦੇ ਉਮੀਦਵਾਰ ਸੁਖਦੇਵ ਸਿੰਘ ਨੰਬਰਦਾਰ ਦੀ ਚੋਣ ਮੁਹਿੰਮ ਆਰੰਭ ਕਰਨ ਮੌਕੇ ਕੀਤਾ। ਇਸ ਮੌਕੇ ਸ੍ਰ ਸਿੱਕੀ ਵੱਲੋਂ ਸੁਖਦੇਵ ਸਿੰਘ ਠੇਕੇਦਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਤੇ ਕਿਹਾ ਕਿ ਸੁਖਦੇਵ ਸਿੰਘ ਮਿਹਨਤੀ ਤੇ ਤਜ਼ਰਬੇਕਾਰ ਆਗੂ ਵਜੋਂ ਜਾਣੇ ਜਾਂਦੇ ਹਨ। ਸਿੱਕੀ ਨੇ ਕਿਹਾ ਜਿੱਥੇ ਪੂਰੇ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਨੂੰ ਚਾਹੁੰਦੇ ਹਨ ਉਥੇ ਹੀ ਹਲਕਾ ਖਡੂਰ ਸਾਹਿਬ ਦੇ ਲੋਕਾਂ ਵਿਚ ਕਾਂਗਰਸ ਪਾਰਟੀ ਪ੍ਰਤੀ ਉਤਸ਼ਾਹ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਚੋਣ ਪ੍ਰਚਾਰ ਵਿਚ ਡੱਟ ਜਾਣ ਅਤੇ ਪਾਰਟੀ ਦੀਆਂ ਨੀਤੀਆਂ ਘਰ-ਘਰ ਪਹੁੰਚਾਉਣ 'ਚ ਦਿਨ ਰਾਤ ਇਕ ਕਰ ਦੇਣ। ਸ੍ਰ ਸਿੱਕੀ ਨੇ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਚੋਣਾਂ ਵਿਚ ਵੀ ਕਾਂਗਰਸ ਪਾਰਟੀ ਇਕ ਵੱਡੀ ਲੀਡ ਪ੍ਰਾਪਤ ਕਰ ਕੇ ਪੂਰਨ ਬਹੁਮਤ ਨਾਲ ਸਰਕਾਰ ਬਣਾਵੇਗੀ 'ਤੇ ਪੰਜਾਬ ਵਿਚ ਅਮਨ ਕਾਨੂੰਨ ਬਹਾਲ ਕਰਨ ਤੇ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਦਾ ਯਤਨ ਕਰੇਗੀ। ਇਸ ਮੌਕੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੋਂ ਇਲਾਵਾ ਸਰਪੰਚ ਜਗਵਿੰਦਰ ਸਿੰਘ, ਮਹਿੰਦਰ ਸਿੰਘ ਕੰਬੋਜ਼, ਧਰਮ ਸਿੰਘ ਸੰਧਾ, ਬਲਕਾਰ ਸਿੰਘ ਠੇਕੇਦਾਰ, ਜੰਗਲੀ ਮਹਾਸ਼ਾ, ਜਗਤਾਰ ਸਿੰਘ ਜਾਗੀ, ਕਸ਼ਮੀਰ ਸਿੰਘ ਕੰਬੋਜ਼, ਲਖਵਿੰਦਰ ਸਿੰਘ ਕਾਨੂੰਗੋ ਆਦਿ ਹਾਜ਼ਰ ਸਨ।

## ਪਿੰਡ ਪੱਖੋ ਕਲਾਂ ਵਿਖੇ ਨਵਜਾਤ ਬੱਚਾ ਮਰਿਆ ਮਿਲਿਆ ਦਿਲ ਦਹਿਲਾਣ ਵਾਲੀ ਘਟਨਾ



ਰਾਮਪੁਰਾ ਫੂਲ, 7 ਦਸੰਬਰ (ਡਾ ਬਿੰਦੀ) ਬਰਨਾਲਾ ਜਿਲੇ ਦੇ ਪਿੰਡ ਪੱਖੋ ਕਲਾਂ ਵਿਖੇ ਇੱਕ ਨਵਜਾਤ ਮ੍ਰਿਤਕ ਬੱਚੇ ਦੀ ਲਾਸ ਮਿਲਣ ਦਾ ਸਮਾਂਚਾਰ ਪ੍ਰਾਪਤ ਹੋਇਆ ਹੈ ਪਿੰਡ ਪੱਖੋ ਕਲਾਂ ਵਿਖੇ ਇੱਕ ਪੰਚਾਇਤੀ ਟੱਕ ਚ ਪਿੰਡ ਦੇ ਬੱਕਰੀਆਂ ਚਾਰਨ ਵਾਲੇ ਵਿਅਕਤੀਆਂ ਨੂੰ ਕੁਝ ਦਿਖਾਈ ਦਿੱਤਾ ਜਦੋਂ ਉਹਨਾਂ ਨੇ ਜਾ ਕੇ ਦੇਖਿਆ ਤਾਂ ਉਹ ਇੱਕ ਨਵਜਾਤ ਬੱਚੇ ਦੀ ਲਾਸ ਸੀ ਜਿਸ ਤੋਂ ਬਾਅਦ ਉਹਨਾਂ ਨੇ ਪਿੰਡ ਦੇ ਮੋਤਵਰ ਵਿਅਕਤੀਆਂ ਨਾਲ ਸੰਪਰਕ ਕੀਤਾ ਜਿਸ ਤੋਂ ਬਾਅਦ ਥਾਣਾ ਰੂੜੇਕੇ ਕਲਾਂ ਦੀ ਪੁਲਿਸ ਨੂੰ ਸੂਚਿਤ ਕੀਤਾ ਗਿਆ ਮੌਕੇ ਤੇ ਪੁੱਜੇ ਥਾਣਾ ਰੂੜੇਕੇ ਕਲਾਂ ਦੇ ਐਸ ਐਚ ਓ ਗੁਰਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਿਸ ਨੇ ਬੱਚੇ ਦੀ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਚ ਲੈ ਕੇ ਸਿਵਲ ਹਸਪਤਾਲ ਬਰਨਾਲਾ ਵਿਖੇ ਭੇਜਿਆ ਐਸ ਐਚ ਓ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਪੜ੍ਹਤਾਲ ਕੀਤੀ ਜਾ ਰਹੀ ਹੈ ਜਿਸ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ ਇਸ ਮੌਕੇ ਪਿੰਡ ਦੇ ਮੋਹਤਵਰ ਵਿਅਕਤੀ ਵੀ ਹਾਜ਼ਰ ਸਨ।

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**

# ਗੁਰਬਾਣੀ ਅਤੇ ਵਾਤਾਵਰਨ



(ਲੜੀਵਾਰ ਲੇਖ ਕਿਸ਼ਤ 1

ਅਜੋਕੀ ਦੁਨੀਆਂ ਵਿਗਿਆਨ ਅਤੇ ਤਕਨੀਕ ਦਾ ਦਮ ਭਰਦੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਦੀਆਂ ਪੌੜੀਆਂ ਚੜ੍ਹ ਰਹੀ ਹੈ। ਦੁਨੀਆਂ ਦੀ ਬੇਲਗਾਮ ਤਰੱਕੀ ਦੀ ਚਾਲ ਨੇ ਬੁੱਧੀਜੀਵੀ ਵਰਗ ਨੂੰ ਚਿੰਤਨ ਵਿੱਚ ਪਾਇਆ ਹੈ। ਦੁਨੀਆਂ ਵਿੱਚ ਹਰ ਘੜੀ ਹਰ ਪਲ ਕੁਝ ਨਾ ਕੁਝ ਨਵਾਂ ਖੋਜਿਆ ਜਾਂ ਸਿਰਜਿਆ ਜਾ ਰਿਹਾ ਹੈ ਪਰੰਤੂ ਇਸ ਦੇ ਨਾਲ ਨਾਲ ਸਮਾਜ ਦੇ ਗਿਆਨਵਾਨ ਤਬਕੇ ਨੂੰ ਪਲੀਤ ਹੁੰਦੇ ਵਾਤਾਵਰਨ ਦੀ ਚਿੰਤਾ ਅੰਦਰੋਂ ਅੰਦਰੀ ਘੁਣ ਵਾਂਗੂੰ ਖਾ ਰਹੀ ਹੈ। ਦੁਨੀਆ ਦੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਸੁਹਿਰਦ ਕਰਨ ਲਈ ਕੁਝ ਖਾਸ ਦਿਨ ਮਨਾਉਣ ਦੀ ਕਵਾਇਦ ਪਿਛਲੇ ਕਾਫੀ ਲੰਮੇ ਸਮੇਂ ਤੋਂ ਚੱਲ ਰਹੀ ਹੈ। ਇਹਨਾਂ ਖਾਸ ਦਿਨਾਂ ਨੂੰ ਮਨਾਉਣ ਦਾ ਮੁੱਖ ਮੰਤਵ ਦੁਨੀਆਂ ਨੂੰ ਵਾਤਾਵਰਨ ਪ੍ਰਤੀ ਸੁਚੇਤ ਕਰਨਾ ਹੈ। ਤਰੱਕੀ ਅਤੇ ਉਨਤੀ ਦੇ ਪੈਂਡੇ ਨੂੰ ਤੈਅ ਕਰਨ ਵਿੱਚ ਦੁਨੀਆ ਪ੍ਰਦੂਸ਼ਣ ਦਾ ਸ਼ਿਕਾਰ ਹੋ ਗਈ ਹੈ ਜਿਸ ਵਿੱਚ ਜਲ ਪ੍ਰਦੂਸ਼ਣ ,ਪਾਣੀ ਪ੍ਰਦੂਸ਼ਣ , ਆਵਾਜ਼ ਦਾ ਪ੍ਰਦੂਸ਼ਣ ਅਤੇ ਧਰਤੀ ਪ੍ਰਦੂਸ਼ਣ ਆਦਿ ਮੁੱਖ ਰੂਪ ਵਿੱਚ ਸ਼ਾਮਿਲ ਹਨ। ਜਿਸ ਕਾਰਜ ਨੂੰ ਮਨੁੱਖੀ ਚੇਤਨਾ ਨੇ ਅੱਜ ਸਵੀਕਾਰਿਆ ਹੈ ਉਸੇ ਹੀ ਕਾਰਜ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਆਪਣੀ ਪਵਿੱਤਰ ਬਾਣੀ ਸ੍ਰੀ ਜਪੁਜੀ ਸਾਹਿਬ ਵਿੱਚ ਖਾਸ ਤਰਜ਼ੀਹ ਦਿੱਤੀ ਹੈ।

ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਮੁਖਾਰ ਬਿੰਦ ਤੋਂ ਉਚਾਰਿਤ ਹੈ ਅਤੇ ਇਹ ਪਾਵਨ ਬਾਣੀ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਵਿੱਚ ਦਰਜ ਹੈ।

ਸ੍ਰੀ ਜਪੁ ਜੀ ਸਾਹਿਬ ਜੀ ਦੇ ਦੋ ਸਲੋਕ ਹਨ ।

ਪਹਿਲਾ ਸਲੋਕ

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ 1

ਇਹ ਉਪਕਰਣ ਸਲੋਕ ਹੈ ਜਿਸ ਨੂੰ ਪਹਿਲਾ ਸਲੋਕ ਕਹਿੰਦੇ ਹਨ।

ਦੂਜਾ ਸਲੋਕ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਅੰਗ 8

ਜੋ ਆਖ਼ਰੀ ਸਲੋਕ ਹੈ ਜਿਸਨੂੰ ਉਪਸੰਘਾਰ ਸਲੋਕ ਕਹਿੰਦੇ ਹਨ।

ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਉਪਰੋਕਤ ਸ਼ਬਦਾਂ ਰਾਹੀਂ ਗੁਰੂ ਨਾਨਕ ਦੇਵ ਜੀ ਮਨੁੱਖੀ ਚੇਤਨਾਂ ਨੂੰ ਝੰਝੋੜਦੇ ਹੋਏ ਪਾਣੀ ਨੂੰ ਪਿਤਾ ,ਧਰਤੀ ਨੂੰ ਮਾਤਾ ਅਤੇ ਹਵਾ ਨੂੰ ਗੁਰੂ ਦਾ ਦਰਜਾ ਦਿੰਦੇ ਸਮੁੱਚੀ ਲੋਕਾਈ ਨੂੰ ਵਾਤਾਵਰਨ ਪ੍ਰਤੀ ਸੁਹਿਰਦਤਾ ਦੀ ਸੇਧ ਦਿੱਤੀ ਹੈ ਹੈ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਆਸਾ ਦੀ ਵਾਰ ਵਿੱਚ ਪਾਣੀ ਦੀ ਮਹਤੱਤਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:-

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥

ਉਪਰੋਕਤ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਬਹੁਤ ਡੂੰਘਾ ਸਮਝਾਇਆ ਹੈ।

ਅੱਜ ਦੁਨੀਆਂ ਭਰ ਦੇ ਵਿੱਦਿਅਕ ਮਾਹਰ ਅਤੇ ਸਿੱਖਿਆ ਸ਼ਾਸਤਰੀ ਕਹਿੰਦੇ ਹਨ ਕਿ ਪਾਣੀ ਕੁਦਰਤ ਦਾ ਅਨਮੋਲ ਦਾਤ ਹੈ ਤੇ ਧਰਤੀ ਉੱਤੇ ਸਮੁੱਚੇ ਜੀਵਨ ਦਾ ਮੂਲ ਅਧਾਰ ਪਾਣੀ ਹੀ ਹੈ। ਪਾਣੀ ਇਸ ਕਾਇਨਾਤ ਦੀ ਜੀਵਨ ਰੇਖਾ ਹੈ। ਪਾਣੀ ਤੋਂ ਬਿਨਾਂ ਧਰਤੀ 'ਤੇ ਜੀਵਨ ਅਸੰਭਵ ਹੈ। ਮਨੁੱਖੀ ਸਰੀਰ ਦਾ ਦੋ ਤਿਹਾਈ ਹਿੱਸਾ ਪਾਣੀ ਹੈ ਸਰੀਰ ਦੇ ਅੱਸੀ ਫੀਸਦੀ ਭਾਗ ਵਿੱਚ ਪਾਣੀ ਹੈ। ਉਪਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਕਿੰਨੀ ਦੂਰ (ਚਲਦਾ)



ਲੇਖਕ:
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਪ੍ਰੈਸ ਐਸੋਸੀਏਸ਼ਨ ਦੇ ਪੱਤਰਕਾਰਾਂ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਚੋਣ ਕਰਕੇ ਨਵੇਂ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ




ਮਖੂ, 7 ਦਸੰਬਰ (ਸ਼ਬੇਗ ਸਿੰਘ) ਪ੍ਰੈਸ ਆਸੋਸ਼ੀਅਨ ਮਖੂ ਦੇ ਪੱਤਰਕਾਰਾਂ ਦੀ ਇਕ ਜਰੂਰੀ ਮੀਟਿੰਗ ਸੀਨੀਅਰ ਪੱਤਰਕਾਰ ਵਰਿੰਦਰ ਮਨਚੰਦਾ ਦੇ ਅਜੀਤ ਅਖਬਾਰ ਦੇ ਦਫਤਰ ਵਿਚ ਕੀਤੀ ਗਈ । ਜਿਸ ਵਿਚ ਪ੍ਰੈਸ ਆਸੋਸ਼ੀਏਸ਼ਨ ਦੇ 11 ਪੱਤਰਕਾਰਾਂ ਨੇ ਹਿੱਸਾ ਲਿਆ ਇਸ ਮੀਟਿੰਗ ਵਿਚ ਕੁਝ ਪੁਰਾਣੇ ਤੇ ਕੁਝ ਨਵੇਂ ਪੱਤਰਕਾਰਾਂ ਨੂੰ 2 ਸਾਲ ਵਾਸਤੇ ਨਵੇਂ ਆਹੁਦੇਦਾਰਾਂ ਦੀ ਚੋਣ ਕਰਕੇ ਸਮਾਜ ਦੀ ਨਿਰਪੱਖ ਰਹਿ ਕੇ ਸੇਵਾ ਕਰਨ ਲਈ ਨਿਯੁਕਤ ਕੀਤਾ ਗਿਆ ਤੇ ਆਪਣੀ ਪੂਰੀ ਇਮਾਂਨਦਾਰੀ ਨਾਲ ਯੂਨੀਅਨ ਦੇ ਹੱਕ ਵਿਚ ਅਤੇ ਆਮ ਲੋਕਾਂ ਤੇ ਸਮਾਜ ਪ੍ਰਤੀ ਨਿਰਪੱਖ ਰਹਿ ਕੇ ਕਿਸੇ ਪੁਲੀਸ ਤੇ ਰਾਜਨੀਤਕ ਪਾਰਟੀਆਂ,ਤੋਂ ਨਿਡਰ ਹੋਕੇ ਸਮਾਜ ਸੇਵਾ ਕਰਨ ਦਾ ਪ੍ਰਣ ਲਿਆ ਗਿਆ ਅਤੇ ਸਾਰੇ ਆਹੁਦੇਦਾਰ ਜੋ ਨਵੇਂ ਨਿਯੁਕਤ ਕੀਤੇ ਗਏ , ਉਹਨਾਂ ਦਾ ਹਾਰ ਪਾ ਕੇ ਸਵਾਗਤ ਕੀਤਾ ਗਿਆ , ਜੋ ਆਹੁਦੇਦਾਰ ਬਦਲੇ ਗਏ ਹਨ ਉਹਨਾਂ ਦੀਆਂ ਸੇਵਾਵਾਂ ਦੀ ਪਿਛਲੇ ਸਮੇਂ ਵਿਚ ਕੀਤੀਆਂ ਸੇਵਾਵਾਂ ਦੀ ਸਲਾਂਘਾਂ ਕਰਦੇ ਹੋਏ ਉਹਨਾਂ ਦਾ ਮਾਨ ਸਤਿਕਾਰ ਕੀਤਾ ਗਿਆ । ਅੱਜ ਜਿੰਨ੍ਹਾਂ ਪੱਤਰਕਾਰਾਂ ਨੂੰ 2 ਸਾਲ ਵਾਸਤੇ ਨਿਯੁਕਤ ਕੀਤਾ ਗਿਆ ਹੈ। ਉਹਨਾਂ ਵਿਚ ਕੁਲਵਿੰਦਰ ਸਿੰਘ ਸੰਧੂ ਨਿਜਾਮੀਵਾਲਾ ਨੂੰ ਪ੍ਰੈਸ ਆਸੋਸ਼ੀਅਨ ਮੱਖੂ ਵੱਲੋਂ ਸਰਬਸੰਮਤੀ ਨਾਂਲ ਚੈਅਰਮੈਨ ਚੁਣਿਆਂ ਗਿਆ ਜੋ ਇਹ ਆਹੁਦਾ ਪਹਿਲੀ ਵਾਰ ਪ੍ਰੈਸ ਆਸੋਸ਼ੀਏਸ਼ਨ ਵੱਲੋਂ ਨਿਯੁਕਤ ਕੀਤਾ ਗਿਆ ਹੈ, ਇਸ ਤੋਂ ਬਾਅਦ ਬਲਬੀਰ ਸਿੰਘ ਲਹਿਰਾ ਨੂੰ ਸਰਬਸੰਮਤੀ ਨਾਲ ਮਖੂ ਪ੍ਰੈਸ ਦਾ ਪ੍ਰਧਾਂਨ ਸਰਬਸੰਮਤੀਂ ਨਾਲ ਉਹਨਾਂ ਦੀਆਂ ਸੇਵਾਵਾਂ ਨੂੰ ਮੱਦੇ ਨਜਰ ਰੱਖ ਕੇ ਚੁਣਿਆ ਗਿਆ ,ਜਦ ਕਿ ਪਹਿਲੇ ਪ੍ਰੈਸ ਮਖੂ ਦੇ ਪ੍ਰਧਾਂਨ ਸ਼ੀ ਕੇਵਲ ਆਹੂਜਾ ਨੇ ਆਪਣੇ ਘਰੇਲੂ ਕਾਰਨ ਦੀ ਵਜ੍ਹਾ ਦੱਸ ਕੇ ਸਮਾਂ ਨਾਂ ਦੇਣ ਕਰਕੇ ਪ੍ਰੈਸ ਆਸੋਸ਼ੀਏਸ਼ਨ ਮਖੂ ਦਾ ਧੰਨਵਾਦ ਕਰਦਿਆ ਪ੍ਰਧਾਂਨਗੀ ਪਦ ਤੋਂ ਅਸਤੀਫਾ ਦੇ ਕੇ ਬਲਵੀਰ ਸਿੰਘ ਲਹਿਰਾ ਦਾ ਨਾਂਮ ਪ੍ਰਧਾਂਨਗੀ ਲਈ ਚੋਣ ਕਰਨ ਪੇਸ਼ ਕੀਤਾ ਜਿਸ ਨੂੰ ਸਾਰੀ ਪ੍ਰੈਸ ਆਸੋਸ਼ੀਏਸ਼ਨ ਮਖੂ ਨੇ ਸਵੀਕਾਰ ਕੀਤਾ ਪਰ ਨਾਂਲ ਹੀ ਉਹਨਾਂ ਨੂੰ ਪ੍ਰੈਸ ਮਖੂ ਲਈ ਪਹਿਲਾਂ ਵਾਂਗ ਆਪਣੀ ਕਲਮ ਰਾਹੀਂ ਸਮਾਜ ਦੀ ਸੇਵਾ ਕਰਦੇ ਰਹਿਣ ਲਈ ਕਿਹਾ ਜੋ ਉਹਨਾਂ ਨੇ ਸਵੀਕਾਰ ਕਰ ਲਿਆ। , ਇਸ ਤੋਂ ਬਾਅਦ ਸੀਨੀਅਰ ਮੀਤ ਪ੍ਰਧਾਂਨ ਮੇਜਰ ਸਿੰਘ ਥਿੰਦ, ਮੀਤ ਪ੍ਰਧਾਂਨ ਲਖਵਿੰਦਰ ਸਿੰਘ ਵਾਹੀ ਜੋ ਪਹਿਲਾਂ ਵੀ ਮੀਤ ਪ੍ਰਧਾਂਨ ਸਨ, ਜਨ ਸਕੱਤਰ ਸ਼ਬੇਗ ਸਿੰਘ ਨੂੰ ਵੀ ਦੂਸਰੀ ਵਾਰ ਜਨ ਸਕਤਰ ਦੇ ਆਹੁਦੇ ਨਾਲ ਨਿਵਾਜਿਆ ਗਿਆ, ਕੈਸ਼ੀਅਰ ਰੂਪ ਲਾਲ ਭੱਟੀ ਨੂੰ ਵੀ ਦੂਸਰੀ ਵਾਰ ਤੇ ,ਸਕਤਰ ਪਰਮਜਤ ਸਿੰਘ ਵੀ ਦੂਸਰੀ ਵਾਰ ਸਰਬਸੰਮਤੀ ਨਾਲ ਚੁਣੇ ਗਏ। ਇਸ ਮੌਕੇ ਮੁਖ ਸਲਾਹਕਾਰ ਜਿਲ੍ਹਾ ਫਿਰੋਜਪੁਰ ਰਛਪਾਲ ਸਿੰਘ ਸੰਧੂ, ਸਾਬਕਾ ਪ੍ਰਧਾਂਨ ਕੇਵਲ ਆਹੂਜਾ,ਚੈਅਰਮੈਨ ਕੁਲਵਿੰਦਰ ਸਿੰਘ ਸੰਧੂ ਨਿਜਾਮੀਵਾਲਾ, ਜਨ ਸਕੱਤਰ ਸ਼ਬੇਗ ਸਿੰਘ, ਰੂਪ ਲਾਲ ਭੱਟੀ ਖਜਾਨਚੀ,ਸੀਨੀਅਰ ਮੀਤ ਪ੍ਰਧਾਂਨ ਮੇਜਰ ਸਿੰਘ ਥਿੰਦ, ਮੀਤ ਪ੍ਰਧਾਂਨ ਲਖਵਿੰਦਰ ਸਿੰਘ ਵਾਹੀ,ਸਕਤਰ ਪਰਮਜੀਤ ਸਿੰਘ ਧੰਜੂ, ਸੀਨੀਅਰ ਪੱਤਰਕਾਰ ਵਰਿੰਦਰ ਮਨਚੰਦਾ, ਪ੍ਰੇਮ ਆਹੂਜਾ, ਆਦਿ ਨੇ ਨਵੇਂ ਚੁਣੇ ਗਏ ਆਹੁਦੇਦਾਰਾਂ ਨੂੰ ਵਧਾਈਆ ਦਿੱਤੀਆਂ।

# ਪੰਜਾਬ ਤੋਂ ਵੀ ਵੱਧ ਪ੍ਰਦੂਸ਼ਿਤ ਹੋਈ ਚੰਡੀਗੜ੍ਹ ਦੀ ਹਵਾ

ਫਤਿਹ ਟਾਈਮਜ਼




ਜਲੰਧਰ, 7 ਦਸੰਬਰ (ਫ.ਟ.ਬ) ਪੰਜਾਬ ਦੇ ਮੁਕਾਬਲੇ ਚੰਡੀਗੜ੍ਹ ਦੀ ਹਵਾ ਹੋਰ ਵੱਧ ਪ੍ਰਦੂਸ਼ਿਤ ਪਾਈ ਗਈ ਹੈ। ਸਵੇਰੇ 6 ਵਜੇ ਅੰਮ੍ਰਿਤਸਰ ਦਾ ਏਅਰ ਕੁਆਲਿਟੀ ਇੰਡੈਕਸ 85 ਦਰਜ ਕੀਤਾ ਗਿਆ, ਜਦਕਿ ਬਠਿੰਡਾ ਦਾ ਏਅਰ ਕੁਆਲਿਟੀ ਇੰਡੈਕਸ 76, ਜਲੰਧਰ ਦਾ ਏਅਰ ਕੁਆਲਿਟੀ ਇੰਡੈਕਸ 130, ਖੰਨਾ ਦਾ ਏਅਰ ਕੁਆਲਿਟੀ ਇੰਡੈਕਸ 151, ਲੁਧਿਆਣਾ ਦਾ ਏਅਰ ਕੁਆਲਿਟੀ ਇੰਡੈਕਸ 144, ਮੰਡੀ ਗੋਬਿੰਦਗੜ੍ਹ ਦਾ ਏਅਰ ਕੁਆਲਿਟੀ ਇੰਡੈਕਸ 271 ਅਤੇ ਪਟਿਆਲਾ ਦਾ ਏਅਰ ਕੁਆਲਿਟੀ ਇੰਡੈਕਸ 128 ਰਿਕਾਰਡ ਕੀਤਾ ਗਿਆ। ਉੱਧਰ ਚੰਡੀਗੜ੍ਹ ਵਿੱਚ ਸੈਕਟਰ-22 ਦਾ ਏਅਰ ਕੁਆਲਿਟੀ ਇੰਡੈਕਸ 214, ਸੈਕਟਰ-25 ਦਾ ਏਅਰ ਕੁਆਲਿਟੀ ਇੰਡੈਕਸ 184 ਅਤੇ ਸੈਕਟਰ-52 ਦਾ ਏਅਰ ਕੁਆਲਿਟੀ ਇੰਡੈਕਸ 172 ਦਰਜ ਕੀਤਾ ਗਿਆ ਹੈ।

# ਸੋਲਿਸ ਨੇ ਪੇਸ਼ ਕੀਤਾ ਜੇਪੀ 975

ਫਤਿਹ ਟਾਈਮਜ਼

ਪੇਸ਼ਕਸ਼




ਅੰਮ੍ਰਿਤਸਰ, 7 ਦਸੰਬਰ (ਪ ਪ) ਇੰਟਰਨੈਸ਼ਨਲ ਟਰੈਕਟਰਜ਼ ਲਿਮਿਟਡ (ਆਈਟੀਆਲ) ਦੇ ਪ੍ਰਮੁੱਖ ਬ੍ਰਾਂਡ ਸੋਲਿਸ ਨੇ ਅੱਜ ਨਵਾਂ ਸੋਲਿਸ ਜੇਪੀ 975 ਲਾਂਚ ਕੀਤਾ ਹੈ, ਜੋ ਭਾਰਤੀ ਕਿਸਾਨੀ ਵਿੱਚ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਪੂਰੀ ਤਰ੍ਹਾਂ ਨਵੇਂ ਟੈਕਨਾਲੋਜੀ ਪਲੇਟਫਾਰਮ 'ਤੇ ਤਿਆਰ ਕੀਤਾ ਜੇਪੀ 975 ਪ੍ਰਗਤੀਸ਼ੀਲ ਭਾਰਤੀ ਕਿਸਾਨਾਂ ਲਈ ਉੱਚ ਪ੍ਰਦਰਸ਼ਨ ਅਤੇ ਐਪਲੀਕੇਸ਼ਨ ਅਨੁਸਾਰ ਬਣੇ ਟਰੈਕਟਰਾਂ ਦੇ ਨਵੇਂ ਯੁੱਗ ਦੀ ਸ਼ੁਰੂਆਤ ਦਾ ਸੰਕੇਤ ਹੈ।ਨਵੇਂ ਸੋਲਿਸ ਜੇਪੀ 975 ਵਿੱਚ ਉੱਨਤ ਜੇਪੀ-ਟੈਕ ਵਾਲਾ 4 ਸਿਲੈਂਡਰ ਇੰਜਣ ਹੈ, ਜੋ ਸਖ਼ਤ ਹਾਲਾਤਾਂ ਵਿੱਚ ਵੀ ਸ਼ਾਨਦਾਰ ਕੰਮ ਕਰਨ ਲਈ 10% ਤੱਕ ਵੱਧ ਟੌਰਕ (205 ਐਨਐਮ) ਪ੍ਰਦਾਨ ਕਰਦਾ ਹੈ। ਇਹ ਤਾਕਤਵਰ ਅਤੇ ਈਂਧਨ ਕੁਸ਼ਲ ਇੰਜਣ ਕਿਸਾਨਾਂ ਨੂੰ ਵਧੀਆ ਤਾਕਤ ਅਤੇ ਬਚਤ ਮੁਹੱਈਆ ਕਰਦਾ ਹੈ।ਇਸ ਸੈਗਮੈਂਟ ਵਿੱਚ ਪਹਿਲੀ ਵਾਰੀ, ਟਰੈਕਟਰ ਵਿਚ ਭਾਰਤ ਦਾ ਪਹਿਲਾ 15ਢ + 5ਕ੍ਰ ਐਪੀਸਾਈਕਲਿਕ ਟ੍ਰਾਂਸਮਿਸ਼ਨ ਦਿੱਤਾ ਗਿਆ ਹੈ, ਜੋ ਵੱਖ-ਵੱਖ ਕਿਸਾਨੀ ਕੰਮਾਂ ਲਈ ਬਿਹਤਰੀਨ ਪ੍ਰਦਰਸ਼ਨ ਦਿੰਦਾ ਹੈ। ਇਸ ਦੇ ਨਾਲ, ਸਾਈਡ-ਸ਼ਿਫਟ ਗੀਅਰ ਕੰਮ ਦੌਰਾਨ ਹੋਰ ਵੀ ਮਸਤੀ ਅਤੇ ਆਸਾਨੀ ਪ੍ਰਦਾਨ ਕਰਦੇ ਹਨ।ਇਸ ਨਵੀਂ ਪੇਸ਼ਕਸ਼ ਬਾਰੇ ਗੱਲ ਕਰਦੇ ਹੋਏ, ਰਮਨ ਮਿੱਤਲ, ਜੋਇੰਟ ਮੈਨੇਜਿੰਗ ਡਾਇਰੈਕਟਰ, ਇੰਟਰਨੈਸ਼ਨਲ ਟਰੈਕਟਰਜ਼ ਲਿਮਿਟਡ, ਨੇ ਕਿਹਾ: "ਜੇਪੀ 975 ਸਾਡੀ ਪੂਰੀ ਤਰ੍ਹਾਂ ਨਵੀਂ ਜੇਪੀ ਸੀਰੀਜ਼ ਦਾ ਪਹਿਲਾ ਮਾਡਲ ਹੈ, ਜੋ ਭਵਿੱਖ ਲਈ ਤਿਆਰ ਨਵੇਂ ਪਲੇਟਫਾਰਮ 'ਤੇ ਡਿਜ਼ਾਇਨ ਕੀਤਾ ਗਿਆ ਹੈ। ਇਹ ਪ੍ਰਗਤੀਸ਼ੀਲ ਭਾਰਤੀ ਕਿਸਾਨਾਂ ਦੀ ਬਦਲਦੀ ਲੋੜਾਂ ਨਾਲ ਇੰਟੈਲੀਜੈਂਟ ਇੰਜੀਨੀਅਰਿੰਗ ਅਤੇ ਉਤਮ ਤਕਨਾਲੋਜੀ ਨੂੰ ਜੋੜਦਾ ਹੈ।"

# ਅਗਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ,ਲੋਕਾਂ ਦੇ ਕੰਮ ਕੀਤੇ ਤਾਂ ਸਰਕਾਰ ਨਿਰਪੱਖ ਚੋਣਾਂ ਕਰਵਾਉਣ ਤੋਂ ਕਿਉ ਭੱਜ ਰਹੀ ਹੈ : ਔਲਖ,ਲਹੌਰੀਆ

ਫਤਿਹ ਟਾਈਮਜ਼



**ਕੰਮਾਂ ਦੇ ਆਧਾਰ ਤੇ ਵੋਟਾਂ ਮੰਗਣ ਦਾ ਦਾਅਵਾ ਕਰਦੀ ਸੀ ਵਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਚ ਲੋਕਤੰਤਰ ਦਾ ਘਾਣ ਅਤਿ ਨਿੰਦਣਯੋਗ ਵਰਤਾਰਾ ਹੈ।**

ਸ੍ਰੀ ਗੋਇੰਦਵਾਲ ਸਾਹਿਬ, 7 ਦਸੰਬਰ (ਐਸ ਐਸ ਸੰਧਾ) ਸੂਬੇ ਚ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਕੰਮਾਂ ਦੇ ਆਧਾਰ ਤੇ ਵੋਟਾਂ ਮੰਗਣ ਦਾ ਦਾਅਵਾ ਕਰਦੀ ਸੀ ਵਲੋਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਚ ਲੋਕਤੰਤਰ ਦਾ ਘਾਣ ਅਤਿ ਨਿੰਦਣਯੋਗ ਵਰਤਾਰਾ ਹੈ ,ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਪ੍ਰੀਸ਼ਦ ਉਮੀਦਵਾਰ ਕੁਲਦੀਪ ਸਿੰਘ ਔਲਖ ਨੇ ਪ੍ਰੈਸ ਕਨਫਰੰਸ ਦੌਰਾਨ ਕੀਤਾ,ਉਹਨਾਂ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰਨ ਸਮੇਂ ਹੋਈ ਧੱਕੇਸ਼ਾਹੀ ਬਾਰੇ ਬੋਲਦਿਆਂ ਕਿਹਾ ਕਿ ਉਹ ਸਵੇਰ ਤੌਂ ਲਾਈਨ ਚ ਲੱਗੇ ਹੋਏ ਸਨ ਪਰ ਉਹਨਾਂ ਨੂੰ ਅੰਦਰ ਨਹੀ ਸੀ ਜਾਣ ਦਿੱਤਾ ਜਾ ਰਿਹਾ ,ਉਹਨਾਂ ਦੱਸਿਆ ਕਿ ਜਦ ਉਹਨਾਂ ਵਲੋਂ ਸੀਨੀਅਰ ਅਧਿਕਾਰੀਆਂ ਤੱਕ ਪਹੁੰਚ ਕੀਤੀ ਤਾਂ ਉਹਨਾਂ ਨੂੰ ਅੰਦਰ ਲੰਘਾ ਲਿਆ ਪਰ ਉੱਥੇ ਆਮ ਆਦਮੀ ਪਾਰਟੀ ਵਲੋਂ ਫਰਜ਼ੀ ਟੋਕਨ ਦੇ ਕੇ ਔਰਤਾਂ ਨੂੰ ਬਿਠਾ ਰੱਖਿਆ ਸੀ ਤਾਂ ਕਿ ਸਮਾਂ ਲੰਘ ਜਾਣ ਦਾ ਬਹਾਨਾ ਬਣਾ ਕੇ ਵਿਰੋਧੀ ਪਾਰਟੀਆਂ ਦੇ ਕਾਗਜ਼ ਦਾਖਲ ਨਾ ਕੀਤੇ ਜਾਣ,ਉਹਨਾਂ ਅੱਗੇ ਦੱਸਿਆ ਕਿ ਇਸ ਸਬੰਧੀ ਜਦ ਅਸੀਂ ਇਸ ਸਾਜ਼ਿਸ ਦਾ ਵਿਰੋਧ ਕੀਤਾ ਤਾਂ ਸੱਤਾਧਿਰ ਨਾਲ ਸਬੰਧਿਤ ਵਿਧਾਇਕ ਆਪਣੇ ਸਾਥੀਆਂ ਨਾਲ ਅੰਦਰ ਦਾਖਲ ਹੋਇਆ ਹੈ ਉਸਦੇ ਸਾਥੀਆਂ ਸਾਡੇ ਤੋਂ ਫਾਈਲਾਂ ਖੋਹ ਕੇ ਪਾੜ ਦਿੱਤੀਆਂ ,ਔਲਖ ਅਤੇ ਲਾਹੌਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੀ ਹਾਰ ਦੇ ਡਰੋਂ ਚੋਣਾਂ ਤੋਂ ਭੱਜ ਰਹੀ ਹੈ ,ਉਹਨਾਂ ਕਿਹਾ ਕਿ ਸਰਕਾਰ ਨੂੰ ਨਿਰਪੱਖ ਚੋਣਾਂ ਕਰਵਾ ਕੇ ਲੋਕ ਫਤਵੇ ਦਾ ਸਾਹਮਣਾ ਕਰਨਾ ਚਾਹੀਦਾ ਸੀ,ਉਹਨਾਂ ਕਿਹਾ ਕਿ ਅਗਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਲੋਕਾਂ ਦੇ ਕੰਮ ਕੀਤੇ ਤਾਂ ਸਰਕਾਰ ਨਿਰਪੱਖ ਚੋਣਾਂ ਕਰਵਾਉਣ ਤੌਂ ਕਿਉ ਭੱਜ ਰਹੀ ਹੈ ,ਉਹਨਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਸੱਤਾਧਿਰ ਦੀ ਧੱਕੇਸ਼ਾਹੀ ਤੋਂ ਦਬਣ ਵਾਲਾ ਨਹੀ ਕਿਉਕਿ 2027 ਸੁਖਬੀਰ ਸਿੰਘ ਬਾਦਲ ਦੀ ਅਗਵਾਈ ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਜਾ ਰਹੀ ਹੈ ਅਤੇ ਸਾਇਦ ਇਸੇ ਕਰਕੇ ਸਰਕਾਰ ਅਕਾਲੀ ਦਲ ਦੇ ਆਗੂਆਂ ਤੇ ਗੈਰ ਸਵਿਧਾਨਿਕ ਕਾਰਵਾਈਆਂ ਕਰ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਸਿੰਘ ਪੰਨੂ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਹਰਪ੍ਰੀਤ ਸਿੰਘ ਮਿੰਨਾ ਜਰਨਲ ਸਕੱਤਰ ਯੂਥ ਅਕਾਲੀ ਦਲ, ਮੋਹਨ ਸਿੰਘ ਰਾਠੋਰ ਸੀਨੀਅਰ ਆਗੂ, ਦਲਜੀਤ ਸਿੰਘ ਵਿਰਕ, ਸੁਰਜਨ ਸਿੰਘ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ ਬਲਵਿੰਦਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਨੰਬਰਦਾਰ ਅਮਰਜੀਤ ਸਿੰਘ, ਸਾਬਕਾ ਚੇਅਰਮੈਨ ਸੁੱਚਾ ਸਿੰਘ, ਹਰਦੀਪ ਸਿੰਘ ਖੱਖ ਸੀਨੀਅਰ ਆਗੂ ਆਦਿ ਹਾਜ਼ਰ ਸਨ।

# ਹੈਦਰਾਬਾਦ ਦੇ ਨਵਾਬ ਅਹਿਮਦ ਆਲਮ ਖਾਨ ਅੰਮ੍ਰਿਤਸਰ ਪਹੁੰਚੇ ਆਚਾਰੀਆ ਗੁਰਮੀਤ ਨੇ ਉਨ੍ਹਾਂ ਦਾ ਕੀਤਾ ਸਵਾਗਤ

ਫਤਿਹ ਟਾਈਮਜ਼



ਅੰਮ੍ਰਿਤਸਰ, 7 ਦਸੰਬਰ (ਪ ਪ) ਪੰਜਾਬ ਦਾ ਅੰਮ੍ਰਿਤਸਰ ਸ਼ਹਿਰ ਅਜੇ ਵੀ ਬਹੁਤ ਸਾਰੀਆਂ ਪ੍ਰਸਿੱਧ ਸ਼ਖਸੀਅਤਾਂ ਦਾ ਘਰ ਹੈ ਜਿਨ੍ਹਾਂ ਦੀ ਮੌਜੂਦਗੀ ਅਕਸਰ ਅਣਦੇਖੀ ਜਾਂਦੀ ਹੈ। ਮੁਸਲਿਮ ਵਿਦਿਅਕ, ਸਮਾਜਿਕ ਅਤੇ ਸੱਭਿਆਚਾਰਕ ਸੰਗਠਨ ਦੇ ਪ੍ਰਧਾਨ ਹੈਦਰਾਬਾਦ ਦੇ ਮਾਣਯੋਗ ਨਵਾਬ ਅਹਿਮਦ ਆਲਮ ਖਾਨ ਨੇ ਉਨ੍ਹਾਂ ਦੇ ਆਉਣ ਦੀ ਸ਼ੋਭਾ ਵਧਾਈ। ਉਹ ਆਪਣੇ ਪੁੱਤਰ, ਬਰਕਤ ਆਲਮ ਖਾਨ ਨਾਲ ਪਹੁੰਚੇ, ਜੋ ਕਿ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ ਦੇ ਪ੍ਰਧਾਨ ਮਾਨਯੋਗ ਅਸਦੁਦੀਨ ਓਵੈਸੀ ਦੇ ਸਤਿਕਾਰਯੋਗ ਜਵਾਈ ਹਨ। ਇਹ ਵਿਸ਼ੇਸ਼ ਮਹਿਮਾਨ ਪੰਜਾਬ ਦੀ ਆਪਣੀ ਨਿਰਧਾਰਤ ਯਾਤਰਾ ਦੌਰਾਨ ਆਚਾਰੀਆ ਗੁਰਮੀਤ ਨੂੰ ਮਿਲਣ ਆਏ। ਉਹ ਸਵੇਰੇ 9:30 ਵਜੇ ਦੇ ਕਰੀਬ ਅੰਮ੍ਰਿਤਸਰ ਪਹੁੰਚੇ ਅਤੇ ਆਚਾਰੀਆ ਗੁਰਮੀਤ ਨੇ ਖੁਦ ਉਨ੍ਹਾਂ ਦਾ ਸਵਾਗਤ ਕੀਤਾ, ਜੋ ਉਨ੍ਹਾਂ ਦਾ ਸਵਾਗਤ ਕਰਨ ਲਈ ਹਵਾਈ ਅੱਡੇ 'ਤੇ ਆਏ ਸਨ। ਉੱਥੋਂ, ਵਫ਼ਦ ਨੂੰ ਸਿੱਧਾ ਆਚਾਰੀਆ ਗੁਰਮੀਤ ਦੇ ਨਿਵਾਸ 'ਤੇ ਲਿਜਾਇਆ ਗਿਆ। ਨਿਵਾਸ ਸਥਾਨ 'ਤੇ, ਸੁਰਿਆਵੰਸ਼ੀ ਈਸ਼ਵਰੀ ਅਤੇ ਅਰਜੁਨ ਸਿੰਘ ਨੇ ਨਵਾਬ ਅਹਿਮਦ ਆਲਮ ਖਾਨ ਅਤੇ ਬਰਕਤ ਆਲਮ ਖਾਨ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਨਿੱਘਾ ਅਤੇ ਰਵਾਇਤੀ ਸਵਾਗਤ ਕੀਤਾ, ਜਿਸ ਨਾਲ ਉਨ੍ਹਾਂ ਦੀ ਫੇਰੀ ਦੀ ਸ਼ੁਰੂਆਤ ਸਤਿਕਾਰ ਅਤੇ ਮਹਿਮਾਨ ਨਿਵਾਜ਼ੀ ਨਾਲ ਹੋਈ। ਇਹ ਖਾਸ ਤੌਰ 'ਤੇ ਧਿਆਨ ਦੇਣ ਯੋਗ ਹੈ ਕਿ ਆਚਾਰੀਆ ਗੁਰਮੀਤ ਇੱਕ ਵਿਸ਼ਵ-ਪ੍ਰਸਿੱਧ ਜੋਤਿਸ਼ ਆਚਾਰੀਆ ਵੀ ਹਨ, ਜਿਨ੍ਹਾਂ ਨੂੰ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਆਪਣੀ ਮੁਹਾਰਤ ਲਈ ਮਾਨਤਾ ਪ੍ਰਾਪਤ ਹੈ। ਹਾਲ ਹੀ ਵਿੱਚ, ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਅਮਰੀਕੀ ਗਾਇਕਾ ਮਾਰੀਆ ਕੈਰੀ ਨੇ ਨਿਊਯਾਰਕ ਤੋਂ ਉਨ੍ਹਾਂ ਨਾਲ ਇੱਕ ਨਿੱਜੀ ਮੁਲਾਕਾਤ ਅਤੇ ਸਲਾਹ-ਮਸ਼ਵਰੇ ਦਾ ਸਮਾਂ ਤਹਿ ਕਰਨ ਲਈ ਸੰਪਰਕ ਕੀਤਾ, ਜੋ ਉਨ੍ਹਾਂ ਦੀ ਜੋਤਿਸ਼ ਪ੍ਰਤੀ ਸਮਝ ਲਈ ਵਿਸ਼ਵਵਿਆਪੀ ਸਤਿਕਾਰ ਨੂੰ ਦਰਸਾਉਂਦਾ ਹੈ। ਵਿਸ਼ੇਸ਼ ਮਹਿਮਾਨਾਂ ਅਤੇ ਆਚਾਰੀਆ ਗੁਰਮੀਤ ਵਿਚਕਾਰ ਇਸ ਸੁਹਿਰਦ ਮੁਲਾਕਾਤ ਨੇ ਸਵੇਰ ਨੂੰ ਇੱਕ ਯਾਦਗਾਰੀ ਵਿੱਚ ਬਦਲ ਦਿੱਤਾ। ਉਨ੍ਹਾਂ ਦੇ ਆਉਣ ਨਾਲ ਸ਼ਹਿਰ ਦੇ ਮਾਹੌਲ ਵਿੱਚ ਇੱਕ ਕੋਮਲ ਗੌਰਵ ਵਧ ਗਿਆ, ਅਤੇ ਇਹ ਪਲ ਅੰਮ੍ਰਿਤਸਰ ਲਈ ਇੱਕ ਮਾਣ ਵਾਲੀ ਯਾਦ ਬਣਿਆ ਰਹੇਗਾ।

FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕ੍ਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575



(M) 97819-55016
ਬਲਬੀਰ ਸਿੰਘ
ਟਾਈਫਾਇਡ, ਸਰਵਾਈਕਲ, ਲੀਵਰ ਫੈਟੀ, ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ